BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ, ਸ਼ਹਿਰ ਨੂੰ ਨਿਵੇਸ਼ ਕਰਨ ਦੀ ਮੁੱਖ ਥਾਂ ਵਜੋਂ ਸਥਾਪਤ ਕਰਨਾ ਜਾਰੀ ਰੱਖੇਗਾ

ਬ੍ਰੈਂਪਟਨ, ਓਨਟੈਰੀਓ (22 ਅਪ੍ਰੈਲ, 2022) – ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ (Brampton Economic Development Office), ਬ੍ਰੈਂਪਟਨ ਨੂੰ ਇਨੋਵੇਸ਼ਨ ਵਿੱਚ ਅਤੇ ਨਿਵੇਸ਼ ਕਰਨ ਦੀ ਮੁੱਖ ਥਾਂ ਵਿੱਚ ਲੀਡਰ ਵਜੋਂ ਸਥਾਪਤ ਕਰਨ ਵਿੱਚ ਅਗਵਾਈ ਕਰਨਾ ਜਾਰੀ ਰੱਖੇਗਾ। ਨਾਲ ਹੀ ਇਹ, ਲੋਕਲ ਪ੍ਰਤਿਭਾ ਨੂੰ ਵਿਕਸਿਤ ਕਰੇਗਾ, ਉੱਦਮੀਆਂ ਦੀ ਸਹਾਇਤਾ ਕਰੇਗਾ ਅਤੇ ਸਿਟੀ ਨੂੰ ਅੱਗੇ ਵਧਾਵੇਗਾ, ਜਦੋਂ ਇਹ ਕੋਵਿਡ-19 (COVID-19) ਦੇ ਅਸਰਾਂ ਤੋਂ ਬਾਹਰ ਨਿੱਕਲ ਰਹੀ ਹੈ।

ਇਸ ਟਰਮ ਆਫ ਕਾਉਂਸਿਲ ਦੀਆਂ ਪ੍ਰਾਇਰਟੀਜ (Term of Council's Priorities) ਤੇ ਅਧਾਰਿਤ, ਜਾਰੀ ਪਰਿਵਰਤਨਕਾਰੀ ਪਹਿਲਕਦਮੀਆਂ ਅਤੇ ਫਾਉਂਡੇਸ਼ਨਲ ਰਿਸ਼ਤੇ, ਜੋ ਸਟਾਫ ਬਣਾ ਰਿਹਾ ਹੈ ਅਤੇ ਕਾਇਮ ਰੱਖ ਰਿਹਾ ਹੈ, ਸੰਪੂਰਣ ਕਮਿਉਨਿਟੀਜ ਬਣਾਉਣ, ਸਾਡੇ ਸ਼ਹਿਰ ਦੀ ਆਰਥਿਕ ਸਮਰੱਥਾ ਦਾ ਫਾਇਦਾ ਲੈਣ ਅਤੇ ਇਨੋਵੇਸ਼ਨ ਕੋਰੀਡੋਰ ਤੇ ਬ੍ਰੈਂਪਟਨ ਦੀ ਬੇਜੋੜ ਪੋਜੀਸ਼ਨ ਲਾਗੂ ਕਰਨ ਵਿੱਚ ਮਦਦ ਕਰ ਰਹੇ ਹਨ।

ਝਲਕੀਆਂ ਵਿੱਚ ਸ਼ਾਮਲ ਹਨ:

**ਸਪੋਰਟ ਲੋਕਲ**

- ਮਈ 2020 ਵਿੱਚ, ਸਿਟੀ ਨੇ ਨਿਵਾਸੀਆਂ ਨੂੰ ਖਰੀਦਦਾਰੀ ਕਰਨ, ਖਾਣ-ਪੀਣ, ਤੋਹਫੇ ਦੇਣ ਅਤੇ ਲੋਕਲ ਨੂੰ ਸਪੋਰਟ ਕਰਨ ਵਾਸਤੇ ਉਤਸ਼ਾਹਿਤ ਕਰਨ ਲਈ, ਆਪਣੀ "ਸਪੋਰਟ ਲੋਕਲ" ਮੁਹਿੰਮ ਦੀ ਸ਼ੁਰੂਆਤ ਕੀਤੀ (launched its "Support Local" campaign) ਸੀ।
- ਸਪੋਰਟ ਲੋਕਲ (Support Local) ਮੁਹਿੰਮ, ਸਿਟੀ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ ਦੀ ਮੁੱਖ ਪਹਿਲਕਦਮੀ ਸੀ। ਇਹ ਕੋਵਿਡ-19 ਮਹਾਂਮਾਰੀ ਤੋਂ ਪ੍ਰਭਾਵਿਤ ਕਾਰੋਬਾਰੀਆਂ ਦੀ ਹਿਮਾਇਤ ਕਰਨ ਅਤੇ ਸਿਟੀ ਦੇ ਅਰਥਚਾਰੇ ਨੂੰ ਬਹਾਲ ਕਰਨ ਦੀ ਯੋਜਨਾ ਹੈ।

**ਇਨੋਵੇਸ਼ਨ ਡਿਸਟ੍ਰਿਕਟ:**

- ਸਿਟੀ ਆਫ ਬ੍ਰੈਂਪਟਨ, ਇਨੋਵੇਸ਼ਨ ਅਤੇ ਉੱਦਮੀ ਈਕੋਸਿਸਟਮ ਬਣਾ ਕੇ, ਲਗਾਤਾਰ ਆਪਣੇ ਡਾਉਨਟਾਉਨ ਦਾ ਪੁਨਰ ਨਿਰਮਾਣ ਕਰਨ ਅਤੇ ਇਸਦੀ ਆਰਥਿਕ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਲੈ ਰਹੀ ਹੈ: ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ (Brampton Innovation District)।
- 2019 ਵਿੱਚ ਸਮਝੌਤੇ ਸ਼ੁਰੂ ਕਰਕੇ, ਸਿਟੀ ਨੇ ਆਪਣੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲਾਂ ਦੇ ਦੁਆਰਾ ਕੀਤੇ ਜਾ ਰਹੇ ਨਿਵੇਸ਼ਾਂ ਵਿੱਚ, ਲਗਭਗ 55.2 ਮਿਲੀਅਨ ਡਾਲਰ ਦੇ ਵਾਧੂ ਨਿਵੇਸ਼ ਦੇ ਨਾਲ, ਲਗਭਗ 20.5 ਮਿਲੀਅਨ ਡਾਲਰ ਦਾ ਨਿਵੇਸ਼ ਵਚਨਬੱਧ ਕੀਤਾ ਹੈ (the City has committed to investing approximately $20.5 million in its Innovation District, with an additional approximately $55.2 million in investments being drawn in by Innovation District partners)।
- 2019 ਤੋਂ 2021 ਤੱਕ, ਛੇ ਨਵੀਆਂ ਭਾਈਵਾਲੀਆਂ ਨੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਆਪਣੀ ਮੌਜੂਦਗੀ ਸਥਾਪਤ ਕੀਤੀ ਹੈ। ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲਾਂ ਵਿੱਚ ਸ਼ਾਮਲ ਹਨ, ਬ੍ਰੈਂਪਟਨ ਐਂਟਰਪ੍ਰੀਨਰ ਸੈਂਟਰ (Brampton Entrepreneur Centre), BHive ਬ੍ਰੈਂਪਟਨ (BHive Brampton), ਰਾਇਰਸਨ-ਸੰਚਾਲਿਤ ਵੈਂਚਰ ਜ਼ੋਨ (Ryerson-led Venture Zone), ਅਲਟੀਟਿਊਡ ਐਕਸਲਰੇਟਰ (Altitude Accelerator), ਫਾਉਂਡਰ ਇੰਸਟੀਟਿਊਟ (Founder Institute), ਅਲਗੋਮਾ ਯੂਨੀਵਰਸਿਟੀ (Algoma University), ਰੋਜਰਸ ਸਾਇਬਰਸਿਕਿਓਰ ਕੈਟਾਲਿਸਟ ਹੈਡਕੁਆਰਟਰਸ ਐਂਡ ਐਕਸਲਰੇਟਰ (Rogers Cybersecure Catalyst Headquarters and Accelerator)। ਸ਼ੈਰੀਡਨ ਐਜ (Sheridan Edge), ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਅਤੇ ਡਾਉਨਟਾਉਨ ਬ੍ਰੈਂਪਟਨ ਬੀ.ਆਈ.ਏ. (Downtown Brampton BIA) ਵੀ, ਇਨੋਵੇਸ਼ਨ ਡਿਸਟ੍ਰਿਕਟ ਬਣਾਉਣ ਵਿੱਚ ਮਹੱਤਵਪੂਰਣ ਭਾਈਵਾਲ ਹਨ।

- ਮਾਰਚ ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਆਪਣੇ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ (Innovation District video) ਲਈ, ਇਕੋਨੋਮਿਕ ਡਿਵੈਲਪਰਸ ਐਸੋਸੀਏਸ਼ਨ ਆਫ ਕੈਨੇਡਾ (ਈ.ਡੀ.ਏ.ਸੀ.) (Economic Developer's Association of Canada) (EDAC) ਮਾਰਕੀਟਿੰਗ ਕੈਨੇਡਾ ਅਵਾਰਡ (Marketing Canada Award) ਜਿੱਤਿਆ ਸੀ।

**ਡਾਊਨਟਾਊਨ ਬ੍ਰੈਂਪਟਨ**

- ਸਿਟੀ ਆਫ ਬ੍ਰੈਂਪਟਨ, 12-ਮਹੀਨੇ ਦੇ ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਦੇ ਨਾਲ (launch of the 12-month Welcoming Streets Pilot Program), ਲਗਾਤਾਰ ਆਪਣੇ ਡਾਊਨਟਾਊਨ ਵਿੱਚ ਸੁਧਾਰ ਕਰਨ ਲਈ ਕਦਮ ਚੁੱਕ ਰਹੀ ਹੈ। ਇਸ ਪ੍ਰੋਗਰਾਮ ਦਾ ਉਦੇਸ਼, ਲੋਕਲ ਨਿਵਾਸੀਆਂ ਅਤੇ ਕਾਰੋਬਾਰੀਆਂ ਦੀਆਂ ਲੋੜਾਂ ਤੇ ਧਿਆਨ ਦਿੰਦੇ ਹੋਏ ਅਤੇ ਸੁਰੱਖਿਆ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹੋਏ, ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਵਿਅਕਤੀਆਂ ਨੂੰ ਟੀਚਾਗਤ ਸਟ੍ਰੀਟ ਆਉਟਰੀਚ ਸੇਵਾਵਾਂ ਪ੍ਰਦਾਨ ਕਰਨਾ ਹੈ।
- 2022 ਵਿੱਚ, ਸਿਟੀ ਨੇ ਡਾਊਨਟਾਊਨ ਦੇ ਕਾਰੋਬਾਰੀਆਂ ਅਤੇ ਨਿਵਾਸੀਆਂ ਨੂੰ ਸਹਾਇਤਾ ਦੇਣ ਲਈ ਅਤੇ ਡਾਊਨਟਾਊਨ ਦੇ ਪੁਨਰ ਨਿਰਮਾਣ ਵਾਸਤੇ ਪ੍ਰੋਗਰਾਮ ਅਤੇ ਪਹਿਲਕਦਮੀਆਂ ਪ੍ਰਦਾਨ ਕਰਨਾ ਜਾਰੀ ਰੱਖਣ ਲਈ, ਆਪਣਾ ਡਾਊਨਟਾਊਨ ਬ੍ਰੈਂਪਟਨ ਪ੍ਰੋਜੈਕਟਸ ਸੈਂਟਰ (Downtown Brampton Projects Centre) ਖੋਲ੍ਹਿਆ ਹੈ।

**ਬ੍ਰੈਂਪਟਨ ਐਂਟਰਪ੍ਰੀਨਰ ਸੈਂਟਰ:**

- 2019 ਵਿੱਚ ਜੋਰਜ ਸਟ੍ਰੀਟ (George Street) ਤੇ ਬ੍ਰੈਂਪਟਨ ਐਂਟਰਪ੍ਰੀਨਰ ਸੈਂਟਰ ਕੋ-ਵਰਕਿੰਗ ਸਪੇਸ (Brampton Entrepreneur Centre Co-working) ਖੋਲਣ ਤੋਂ ਬਾਅਦ, ਸਟਾਫ ਲੋਕਲ ਉੱਦਮੀਆਂ ਦੀ ਸਹਾਇਤਾ ਕਰਨ ਲਈ ਸਮਰਪਿਤ ਰਿਹਾ ਹੈ, ਜਿਸਦੇ ਨਤੀਜੇ ਵਜੋਂ ਲਗਭਗ 2000 ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ।
- ਟੀਮ ਨੇ 44,000 ਤੋਂ ਵੱਧ ਪੁੱਛਗਿੱਛਾਂ ਦੇ ਜਵਾਬ ਦਿੱਤੇ ਹਨ, 5,299 ਛੋਟੇ ਕਾਰੋਬਾਰ ਸਬੰਧੀ ਮਸ਼ਵਰੇ ਆਯੋਜਿਤ ਕੀਤੇ ਹਨ, 44,193 ਭਾਗੀਦਾਰਾਂ ਨੂੰ 2,851 ਸੈਮੀਨਾਰ ਅਤੇ ਕਾਰਜਕਰਮ ਪ੍ਰਦਾਨ ਕੀਤੇ ਹਨ, 102 ਨੌਜਵਾਨਾਂ ਨੂੰ ਸਮਰ ਕੰਪਨੀ ਗ੍ਰਾਂਟ (Summer Company Grant) ਫੰਡਿੰਗ ਜਾਰੀ ਕੀਤੀ ਹੈ, ਜਿਸਦੀ ਕੁੱਲ ਰਕਮ 306,000 ਡਾਲਰ ਹੈ ਅਤੇ 175 ਕਾਰੋਬਾਰੀਆਂ ਨੂੰ ਸਟਾਰਟਰ ਕੰਪਨੀ ਗ੍ਰਾਂਟ (Starter Company Grant) ਫੰਡਿੰਗ ਜਾਰੀ ਕੀਤੀ ਹੈ, ਜਿਸਦੀ ਕੁੱਲ ਰਕਮ 731,000 ਡਾਲਰ ਹੈ।
- 2021 ਵਿੱਚ, ਬ੍ਰੈਂਪਟਨ ਐਂਟਰਪ੍ਰੀਨਰ ਸੈਂਟਰ (Brampton Entrepreneur Centre) ਨੇ, ਬ੍ਰੈਂਪਟਨ ਵਿੱਚ ਛੋਟੇ ਤੋਂ ਲੈ ਕੇ ਮੱਧਮ ਕਾਰੋਬਾਰੀਆਂ ਨੂੰ ਮੁਫਤ ਕੋਵਿਡ-19 ਰੈਪਿਡ ਸਕ੍ਰੀਨਿੰਗ ਕਿੱਟਾਂ ਪ੍ਰਦਾਨ ਕਰਨ ਲਈ, ਐਮਰਜੈਂਸੀ ਮੈਨੇਜਮੈਂਟ ਆਫਿਸ (Emergency Management Office) ਦੇ ਨਾਲ ਮਿਲਕੇ ਕੰਮ ਕੀਤਾ।

**ਫੌਰਨ ਡਾਇਰੈਕਟ ਇਨਵੈਸਟਮੈਂਟ:**

- ਫੌਰਨ ਡਾਇਰੈਕਟ ਇਨਵੈਸਟਮੈਂਟ (ਐਫ.ਡੀ.ਆਈ.) (Foreign Direct Investment) (FDI) ਲਈ ਕਾਉਂਸਿਲ ਵੱਲੋਂ ਪ੍ਰਵਾਨ ਕੀਤੀ ਗਈ ਕਾਰਜਨੀਤੀ ਦੇ ਹਿੱਸੇ ਵਜੋਂ, ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ ਨੇ 2019 ਵਿੱਚ, ਇਨਵੈਸਟਬ੍ਰੈਂਪਟਨ (InvestBrampton) ਅਤੇ ਬ੍ਰੈਂਪਟਨ ਮੀਨਸ ਬਿਜਨੇਸ ਨਾਓ (Brampton Means Business Now) ਵਾਸਤੇ, ਬ੍ਰਾਂਡਿੰਗ ਅਤੇ ਮਾਰਕੀਟਿੰਗ ਐਫ.ਡੀ.ਆਈ. (FDI) ਆਕਰਸ਼ਣ ਯਤਨਾਂ ਦੀ ਸ਼ੁਰੂਆਤ ਕੀਤੀ।
- ਮੇਅਰ ਬ੍ਰਾਊਨ ਅਤੇ ਕਾਉਂਸਿਲ ਦੇ ਮੈਂਬਰਾਂ ਨੇ, 10 ਤੋਂ ਵੱਧ ਅੰਤਰਰਾਸ਼ਟਰੀ ਮਿਸ਼ਨਾਂ ਦੀ ਅਗਵਾਈ ਕੀਤੀ, ਜਿਸਦੇ ਨਤੀਜੇ ਵਜੋਂ ਬ੍ਰੈਂਪਟਨ ਵਿੱਚ ਪੰਜ ਨਵੇਂ ਕਾਰੋਬਾਰ ਆਏ ਅਤੇ ਪੰਜ ਕਾਰੋਬਾਰੀ ਧਾਰਨਾ ਅਤੇ ਵਿਸਤਾਰ ਪ੍ਰੋਜੈਕਟਾਂ ਦੀ ਪਛਾਣ ਕੀਤੀ ਗਈ ਹੈ।
- ਸਿਟੀ ਆਫ ਬ੍ਰੈਂਪਟਨ ਨੇ BHive ਬ੍ਰੈਂਪਟਨ (BHive Brampton) ਦੀ ਸ਼ੁਰੂਆਤ ਕੀਤੀ। ਇਹ ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਅੰਤਰਰਾਸ਼ਟਰੀ ਉੱਦਮੀਆਂ ਵਾਸਤੇ ਇੱਕ ਸੌਫਟ ਲੈਂਡਿੰਗ ਪੈਡ ਹੈ। ਇਸਦੀ ਸ਼ੁਰੂਆਤ ਤੋਂ ਬਾਅਦ, 38 ਨਵੇਂ ਕਾਰੋਬਾਰੀਆਂ ਨੂੰ BHive ਵਿੱਚ ਸਵੀਕਾਰ ਕੀਤਾ ਗਿਆ ਹੈ।

**ਕਾਰੋਬਾਰ ਰਿਟੈਂਸ਼ਨ ਅਤੇ ਵਿਸਤਾਰ:**

- ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ ਨੇ 2019 ਤੋਂ, ਲਗਭਗ 2,500 ਨੌਕਰੀਆਂ ਪੈਦਾ ਕਰਨ ਅਤੇ ਕਾਇਮ ਰੱਖਣ ਵਿੱਚ ਕਾਰੋਬਾਰੀਆਂ ਦੀ ਸਹਾਇਤਾ ਕੀਤੀ ਹੈ।
- ਪੈਦਾ ਕੀਤੀਆਂ ਗਈਆਂ ਅਤੇ ਕਾਇਮ ਰੱਖੀਆਂ ਗਈਆਂ 2,500 ਨੌਕਰੀਆਂ ਵਿੱਚ, ਸ਼ਹਿਰ ਵਿੱਚ ਅਮਾਜ਼ੋਨ (Amazon) ਦੀ ਮੌਜੂਦਗੀ ਸ਼ਾਮਲ ਨਹੀਂ ਹੈ, ਜਿਸ ਵਿੱਚ ਕੋਵਿਡ-19 ਮਹਾਂਮਾਰੀ ਦੇ ਦੌਰਾਨ ਵਾਧਾ ਹੋਇਆ ਹੈ। ਅਮਾਜ਼ੋਨ ਦੇ ਫੁੱਟਪ੍ਰਿੰਟ ਵਿੱਚ ਹੁਣ, ਬ੍ਰੈਂਪਟਨ ਵਿੱਚ ਛੇ ਫੈਸਿਲਿਟੀਜ਼ ਸ਼ਾਮਲ ਹਨ, ਜੋ ਲਗਭਗ 8,000 ਵਿਅਕਤੀਆਂ ਨੂੰ ਰੋਜ਼ਗਾਰ ਦੇ ਰਹੀਆਂ ਹਨ।
- ਮਾਰਚ ਵਿੱਚ, ਸਿਟੀ ਨੇ ਐਲਾਨ ਕੀਤਾ ਕਿ ਐਮ.ਡੀ.ਏ. ਨੇ ਬ੍ਰੈਂਪਟਨ ਨੂੰ ਆਪਣੇ ਨਵੇਂ ਉਦੇਸ਼-ਨਿਰਮਿਤ ਗਲੋਬਲ ਹੈੱਡਕੁਆਰਟਰਾਂ ਅਤੇ ਸੈਂਟਰ ਆਫ ਐਕਸੀਲੈਂਸ ਫਾਰ ਸਪੇਸ ਰੋਬੋਟਿਕਸ ਲਈ ਥਾਂ ਵਜੋਂ ਚੁਣਿਆ ਹੈ (MDA selected Brampton as the location for its new purpose-built global headquarters and Centre of Excellence for Space Robotics)। ਨਵੀਂ, ਬੇਹੱਦ ਆਧੁਨਿਕ ਫੈਸਿਲਿਟੀ, Canadarm3 ਅਤੇ 700 ਤੋਂ ਵੱਧ ਉੱਚ-ਕੁਸ਼ਲਤਾ ਵਾਲੇ ਕਰਮਚਾਰੀਆਂ ਲਈ ਘਰ ਹੋਵੇਗੀ।

ਸਿਟੀ ਦੇ ਇਕੋਨੋਮਿਕ ਡਿਵੈਲਪਮੈਂਟ ਨਤੀਜਿਆਂ ਬਾਰੇ ਹੋਰ ਜਾਣਕਾਰੀ, ਇੱਥੇ (here) ਇੱਕ ਪ੍ਰੈਜੈਂਟੇਸ਼ਨ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ ਬਾਰੇ ਇੱਥੇ (here) ਹੋਰ ਜਾਣਕਾਰੀ ਲਵੋ।

**ਹਵਾਲੇ**

"ਬ੍ਰੈਂਪਟਨ ਵਿੱਚ ਰੋਮਾਂਚਕਾਰੀ ਪਰਿਵਰਨ ਹੋ ਰਿਹਾ ਹੈ ਅਤੇ ਇਸ ਟਰਮ ਆਫ ਕਾਉਂਸਿਲ ਦੇ ਦੌਰਾਨ, ਅਸੀਂ ਸਾਡੇ ਸ਼ਹਿਰ ਨੂੰ ਵੱਡੇ ਇਨੋਵੇਸ਼ਨ ਅਤੇ ਸਿੱਖਿਆ ਹਬ ਵਿੱਚ ਵਿਕਸਿਤ ਕੀਤਾ ਹੈ, ਭਵਿੱਖ ਦੀਆਂ ਕੁਸ਼ਲਤਾ ਵਾਲੀਆਂ ਨੌਕਰੀਆਂ ਪੈਦਾ ਕੀਤੀਆਂ ਹਨ ਅਤੇ ਸਾਡੇ ਸ਼ਹਿਰ ਵਿੱਚ ਪ੍ਰਸਿੱਧ ਗਲੋਬਲ ਕੰਪਨੀਆਂ ਨੂੰ ਕਾਇਮ ਰੱਖਿਆ ਹੈ, ਨਾਲ ਹੀ ਉਹਨਾਂ ਦੇ ਵਿਸਤਾਰ ਵਿੱਚ ਮਦਦ ਕੀਤੀ ਹੈ। ਬ੍ਰੈਂਪਟਨ ਦਾ ਮਤਲਬ ਹੈ ਕਾਰੋਬਾਰ ਅਤੇ ਜਦੋਂ ਸਾਡੇ ਕਾਰੋਬਾਰੀ ਅਤੇ ਉੱਦਮੀ ਸਫਲ ਹੁੰਦੇ ਹਨ, ਤਾਂ ਸਾਡੀ ਸਮੁੱਚੀ ਕਮਿਉਨਿਟੀ ਨੂੰ ਫਾਇਦਾ ਮਿਲਦਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਹੁਣ ਸਾਨੂੰ ਕੋਵਿਡ-19 ਮਹਾਂਮਾਰੀ ਦਾ ਸਾਮ੍ਹਣਾ ਕਰਦੇ ਹੋਏ ਦੋ ਸਾਲਾਂ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਸਾਡੀ ਕਾਰੋਬਾਰ ਕਮਿਉਨਿਟੀ ਇਸਤੋਂ ਬੇਹੱਦ ਪ੍ਰਭਾਵਿਤ ਹੋਈ ਹੈ – ਪਰੰਤੂ ਬ੍ਰੈਂਪਟਨ ਕਾਉਂਸਿਲ ਅਤੇ ਸਾਡੀ ਸਮਰਪਿਤ ਇਕੋਨੋਮਿਕ ਡਿਵੈਲਪਮੈਂਟ ਟੀਮ, ਹਰ ਕਦਮ ਤੇ ਸਾਡੇ ਲੋਕਲ ਕਾਰੋਬਾਰੀਆਂ ਅਤੇ ਉੱਦਮੀਆਂ ਦੇ ਨਾਲ ਰਹੀ ਹੈ। ਅਸੀਂ, ਸਾਡੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਲਗਾਤਾਰ ਬ੍ਰੈਂਪਟਨ ਨੂੰ ਨਿਵੇਸ਼ ਕਰਨ ਦੀ ਮੁੱਖ ਥਾਂ ਵਜੋਂ ਸਥਾਪਤ ਕਰ ਰਹੇ ਹਾਂ ਅਤੇ ਸਾਡੇ ਸ਼ਹਿਰ ਨੂੰ ਮਹਾਂਮਾਰੀ ਦੇ ਅਸਰਾਂ ਤੋਂ ਬਾਹਰ ਕੱਢ ਕੇ ਅੱਗੇ ਵਧਾ ਰਹੇ ਹਾਂ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

*"ਇਸ ਟਰਮ ਆਫ ਕਾਉਂਸਿਲ ਦੀਆਂ ਪ੍ਰਾਇਰਟੀਜ਼ ਤੇ ਅਧਾਰਿਤ, ਬ੍ਰੈਂਪਟਨ ਵਿੱਚ ਜਾਰੀ ਪਰਿਵਰਤਨਕਾਰੀ ਪਹਿਲਕਦਮੀਆਂ, ਸੰਪੂਰਣ ਕਮਿਉਨਿਟੀਜ਼ ਬਣਾਉਣ, ਸਾਡੇ ਸ਼ਹਿਰ ਦੀ ਆਰਥਿਕ ਸਮਰੱਥਾ ਦਾ ਫਾਇਦਾ ਲੈਣ ਅਤੇ ਇਨੋਵੇਸ਼ਨ ਕੋਰੀਡੋਰ ਤੇ ਬ੍ਰੈਂਪਟਨ ਦੀ ਬੇਜੋੜ ਪੋਜੀਸ਼ਨ ਲਾਗੂ ਕਰਨ ਵਿੱਚ ਮਦਦ ਕਰ ਰਹੀਆਂ ਹਨ। ਬ੍ਰੈਂਪਟਨ ਕਾਉਂਸਿਲ ਅਤੇ ਸਟਾਫ, ਸਾਡੇ ਵਿਦਿਆਰਥੀਆਂ, ਉੱਦਮੀਆਂ, ਕਾਰੋਬਾਰੀਆਂ ਅਤੇ ਸਮੁੱਚੀ ਕਮਿਉਨਿਟੀ ਨੂੰ ਫਾਇਦਾ ਪਹੁੰਚਾਉਣ ਵਾਸਤੇ, ਸਾਡੇ ਸ਼ਹਿਰ ਦੀ ਆਰਥਿਕ ਸਮਰੱਥਾ ਦਾ ਫਾਇਦਾ ਲੈਣਾ ਜਾਰੀ ਰੱਖਣ ਲਈ ਵਚਨਬੱਧ ਹੈ।"*

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਦਾ ਸਟਾਫ, ਟਰਮ ਆਫ ਕਾਉਂਸਿਲ ਪ੍ਰਾਇਰਟੀ ਡਿਲੀਵਰ ਕਰਨ ਲਈ ਸਮਰਪਿਤ ਹੈ: ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ ਅਤੇ ਸਾਡੀ ਕਮਿਉਨਿਟੀ ਦੀ ਆਰਥਿਕ ਸਮਰੱਥਾ ਦਾ ਫਾਇਦਾ ਲੈਣਾ, ਇਸ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਸਾਡੀ ਟੀਮ ਨੇ, ਬ੍ਰੈਂਪਟਨ ਨੂੰ ਨਿਵੇਸ਼ ਕਰਨ ਦੀ ਮੁੱਖ ਥਾਂ ਵਜੋਂ

ਸਥਾਪਤ ਕਰਨ ਅਤੇ ਬ੍ਰੈਂਪਟਨ ਨੂੰ ਸਿੱਖਿਆ ਅਤੇ ਇਨੋਵੇਸ਼ਨ ਹਬ ਵਿੱਚ ਵਿਕਸਿਤ ਕਰਕੇ ਸ਼ਾਨਦਾਰ ਕੰਮ ਕੀਤਾ ਹੈ। ਅਸੀਂ ਸਾਡੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ ਤੇ ਕੰਮ ਕਰਕੇ, ਸਾਡੇ ਸ਼ਹਿਰ ਨੂੰ ਅੱਗੇ ਵਧਾਉਣਾ ਜਾਰੀ ਰੱਖਾਂਗੇ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca